# ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ,ਬਲਾਕ ਈ,ਛੇਵੀ ਮੰਜਿਲ,ਫੇਜ਼-8, ਮੋਹਾਲੀ,

ਈ-ਮੇਲ:directorscert@punjabeducation.gov.in,ਫੋਨ ਨੰਬਰ:0172-221222


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ।
ਸਮੂਹ ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ , ਪੰਜਾਬ।
ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ : 255/AD(G)64/2025 ਮਿਤੀ : 23.06.2025

**ਵਿਸ਼ਾ:- ਸਕੂਲਾਂ/ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ "*ਯੁੱਧ ਨਸ਼ਿਆਂ ਵਿਰੁੱਧ*" ਮੁਹਿੰਮ ਤਹਿਤ ਜਾਗਰੂਕ ਕਰਨ ਲਈ ਗਤੀਵਿਧੀਆਂ ਕਰਵਾਉਣ ਸਬੰਧੀ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।
2. ਪੰਜਾਬ ਰਾਜ ਦੇ ਸਮੂਹ ਜਿਲ੍ਹਿਆਂ ਵਿੱਚ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਚਲ ਰਹੇ ਪ੍ਰੋਗਰਾਮ ਜਿਵੇਂ ਕਿ NAPDDR, NAVCHETNA Module, Joint Action Plan, ANTF, Buddy Program ਆਦਿ ਅਧੀਨ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਵੱਖ - ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।
3. ਸਕੂਲਾਂ ਵਿੱਚ ਚੱਲ ਰਹੀਆਂ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਦੀ ਨਿਗਰਾਨੀ ਲਈ ਜ਼ਿਲ੍ਹਾ ਪੱਧਰ 'ਤੇ ਨੋਡਲ ਅਧਿਕਾਰੀ ਦੀ ਨਿਯੁਕਤੀ ਕੀਤੀ ਜਾਵੇ। (Navchetna Module ਦੇ ਤਹਿਤ trained ਅਧਿਆਪਕਾਂ ਨੂੰ ਤਰਜੀਹ ਦਿੱਤੀ ਜਾਵੇ)।
4. ਵਿਦਿਆਰਥੀਆਂ ਵਿੱਚ ਨਸ਼ਿਆਂ ਦੇ ਪ੍ਰਭਾਵ ਨੂੰ ਖਤਮ ਕਰਨ ਅਤੇ ਜਾਗਰੂਕਤਾ ਫੈਲਾਉਣ ਲਈ ਸਕੂਲਾਂ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਹੇਠ ਲਿਖੇ ਅਨੁਸਾਰ ਹਨ:

## ੳ. ਸਕੂਲ ਪੱਧਰ 'ਤੇ

i. ਸਵੇਰ ਦੀ ਸਭਾ ਵਿੱਚ ਨਸ਼ਿਆਂ ਦੀ ਵਰਤੋਂ ਵਿਰੁੱਧ ਸਹੁੰ ਚੁੱਕਾਈ ਜਾਵੇ।

ii. ਪ੍ਰਹਰੀ ਕਲੱਬਾਂ ਦਾ ਗਠਨ (ਹਦਾਇਤਾਂ ਨਾਲ ਨੱਥੀ)।

iii. ਬੱਡੀ ਪ੍ਰੋਗਰਾਮਾਂ ਦਾ ਸਹੀ ਸੰਚਾਲਨ।

## ਅ. ਜਾਗਰੂਕਤਾ ਅਤੇ ਸਿੱਖਿਆ

i. ਨਸ਼ਿਆਂ ਦੀ ਦੁਰਵਰਤੋਂ ਅਤੇ ਨਸ਼ਾਖੋਰੀ ਦੇ ਖ਼ਤਰਿਆਂ ਬਾਰੇ ਗੱਲ ਕਰਨ ਲਈ ਮਾਹਿਰਾਂ ਨੂੰ ਸੱਦਾ ਦਿੱਤਾ ਜਾਵੇ।

ii. ਨਸ਼ਿਆਂ ਦੀ ਵਰਤੋਂ ਦੇ ਨਤੀਜਿਆਂ ਨੂੰ ਦਰਸਾਉਂਦੀਆਂ ਦਸਤਾਵੇਜ਼ੀ ਫਿਲਮਾਂ ਦਿਖਾਈਆਂ ਜਾਣ।

iii. ਵਿਦਿਆਰਥੀਆਂ ਨੂੰ ਨਸ਼ਿਆਂ ਦੇ ਜੋਖਮਾਂ ਅਤੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ Interactive sessions ਦਾ ਆਯੋਜਨ ਕੀਤਾ ਜਾਵੇ ।

ੲ. <u>ਰਚਨਾਤਮਕ ਗਤੀਵਿਧੀਆਂ</u>

i. ਪੋਸਟਰ ਬਣਾਉਣਾ: ਵਿਦਿਆਰਥੀਆਂ ਨੂੰ ਨਸ਼ਿਆਂ ਵਿਰੋਧੀ ਸੰਦੇਸ਼ਾਂ ਵਾਲੇ ਪੋਸਟਰ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਵੇ ।

ii ਲੇਖ ਲਿਖਣਾ: ਵਿਦਿਆਰਥੀਆਂ ਨੂੰ ਨਸ਼ਿਆਂ ਦੀ ਦੁਰਵਰਤੋਂ ਦੇ ਖ਼ਤਰਿਆਂ 'ਤੇ ਲੇਖ ਮੁਕਾਬਲੇ ਕਰਵਾਏ ਜਾਣ ।

iii. ਕਵਿਤਾ ਪਾਠਣ: ਵਿਦਿਆਰਥੀਆਂ ਨੂੰ ਨਸ਼ਿਆਂ ਵਿਰੋਧੀ ਥੀਮਾਂ ਵਾਲੀਆਂ ਕਵਿਤਾਵਾਂ ਪੜ੍ਹਨ ਲਈ ਮੁਕਾਬਲੇ ਕਰਵਾਏ ਜਾਣ।

iv. ਕੁਇਜ਼ ਮੁਕਾਬਲਿਆਂ ਦਾ ਆਯੋਜਨ ਕੀਤਾ ਜਾਵੇ ।

ਸ. <u>ਭਾਈਚਾਰਕ ਸ਼ਮੂਲੀਅਤ</u>

i. PTMs- ਮਾਪਿਆਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਖ਼ਤਰਿਆਂ ਬਾਰੇ ਜਾਗਰੂਕ ਕੀਤਾ ਜਾਵੇ ।

ii. ਭਾਈਚਾਰਕ ਪਹੁੰਚ- ਸਥਾਨਕ ਭਾਈਚਾਰੇ ਦੇ ਮੈਂਬਰਾਂ ਨੂੰ ਆਪਣੇ ਤਜ਼ਰਬੇ ਸਾਂਝੇ ਕਰਨ ਲਈ ਸੱਦਾ ਦਿੱਤਾ ਜਾਵੇ ।

ਹ. <u>ਜਾਗਰੂਕਤਾ ਸਮਾਗਮ</u>

i. ਨਸ਼ਾ-ਮੁਕਤ ਰੈਲੀਆਂ ਦਾ ਆਯੋਜਨ ਕੀਤਾ ਜਾਵੇ ।

ii. ਵਰਕਸ਼ਾਪਾਂ ਦੇ ਆਯੋਜਨ ਕਰਵਾਏ ਜਾਣ ।

iii ਆਪਣੇ ਖੇਤਰ ਦੇ Narcotic Anonymous ਸਮੂਹਾਂ ਨਾਲ ਤਾਲਮੇਲ ਬਣਾਇਆ ਜਾਵੇ ।

5.0 ਉਕਤ ਗਤੀਵਿਧੀਆਂ ਹੇਠ ਦਰਸ਼ਾਈ ਸਾਰਣੀ ਅਨੁਸਾਰ ਕਰਵਾਈਆਂ ਜਾਣ:-

| ਲੜੀ ਨੰ: | ਮਹੀਨਾ | ਗਤੀਵਿਧੀਆਂ |
|---|---|---|
| 1 | ਜੁਲਾਈ | 1. ਵਰਕਸ਼ਾਪਾਂ ਦੇ ਆਯੋਜਨ ਕਰਵਾਏ ਜਾਣ।<br>2. ਨਸ਼ਾ-ਮੁਕਤ ਰੈਲੀਆਂ ਦਾ ਆਯੋਜਨ ਕੀਤਾ ਜਾਵੇ। |
| 2 | ਅਗਸਤ | 1. ਵਿਦਿਆਰਥੀਆਂ ਨੂੰ ਨਸ਼ਿਆਂ ਵਿਰੋਧੀ ਸੰਦੇਸ਼ਾਂ ਵਾਲੇ ਪੋਸਟਰ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਵੇ।<br>2. ਸਵੇਰ ਦੀ ਸਭਾ ਵਿੱਚ ਨਸ਼ਿਆਂ ਦੀ ਵਰਤੋਂ ਵਿਰੁੱਧ ਸਹੁੰ ਚੁਕਾਈ ਜਾਵੇ। |
| 3 | ਸਤੰਬਰ | 1. ਮਾਪਿਆਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਖ਼ਤਰਿਆਂ ਬਾਰੇ ਜਾਗਰੂਕ ਕੀਤਾ ਜਾਵੇ ।(PTM ਰਾਹੀਂ) |
| 4 | ਅਕਤੂਬਰ | 1. ਕਵਿਤਾ ਪਾਠਣ: ਵਿਦਿਆਰਥੀਆਂ ਨੂੰ ਨਸ਼ਿਆਂ ਵਿਰੋਧੀ ਥੀਮਾਂ ਵਾਲੀਆਂ ਕਵਿਤਾਵਾਂ ਪੜ੍ਹਨ ਲਈ ਮੁਕਾਬਲੇ ਕਰਵਾਏ ਜਾਣ ।<br>2. ਕੁਇਜ਼ ਮੁਕਾਬਲਿਆਂ ਦਾ ਆਯੋਜਨ ਕੀਤਾ ਜਾਵੇ । |
| 5 | ਨਵੰਬਰ | 1. ਸਥਾਨਕ ਭਾਈਚਾਰੇ ਦੇ ਮੈਂਬਰਾਂ ਨੂੰ ਆਪਣੇ ਤਜ਼ਰਬੇ ਅਤੇ ਸਲਾਹ ਸਾਂਝੇ ਕਰਨ ਲਈ ਸੱਦਾ ਦਿੱਤਾ ਜਾਵੇ । |

| | | |
|---|---|---|
| 6 | ਜਨਵਰੀ | 1. ਸਵੇਰ ਦੀ ਸਭਾ ਵਿੱਚ ਨਸ਼ਿਆਂ ਦੀ ਵਰਤੋਂ ਵਿਰੁੱਧ ਸਹੁੰ ਚੁੱਕਾਈ ਜਾਵੇ। |
| 7 | ਫਰਵਰੀ | 1. ਵਿਦਿਆਰਥੀਆਂ ਨੂੰ ਨਸ਼ਿਆਂ ਦੇ ਜੋਖਮਾਂ ਅਤੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ Interactive sessions ਦਾ ਆਯੋਜਨ ਕੀਤਾ ਜਾਵੇ । |

6.0 ਉਕਤ ਗਤੀਵਿਧੀਆਂ ਦੀ ਰਿਪੋਰਟ (ਫੋਟੋਆਂ ਸਮੇਤ) compile ਕਰਕੇ buddyprogramme01@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ ।

ਕਿਰਨ ਸ਼ਰਮਾ, ਪੀ.ਸੀ.ਐਸ.
ਡਾਇਰੈਕਟਰ
ਐਸ.ਸੀ.ਈ.ਆਰ.ਟੀ., ਪੰਜਾਬ

ਪਿੱਠ ਅੰਕਣ ਨੰਬਰ : ਉਕਤ ਮਿਤੀ : 23.06.2025

ਉਪਰੋਕਤ ਦਾ ਉਤਾਰਾ ਪੀ. ਏ. ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ. ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ